# ਲੋਕ ਕਵੀ ਸੰਤ ਰਾਮ ਉਦਾਸੀ ਦੀ ਗੀਤ ਕਲਾ ਬਾਰੇ ਪਿੰਡ ਰਾਏਸਰ ਵਿਖੇ ਹੋਇਆ ਸਮਾਗਮ

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com





ਮਹਿਲ ਕਲਾਂ,29 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ) - ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਲੋਕ ਕਵੀ ਸੰਤ ਰਾਮ ਉਦਾਸੀ ਦੀ ਗੀਤ ਕਲਾ ਬਾਰੇ ਸਮਾਗਮ ਉਨ੍ਹਾਂ ਦੇ ਜੱਦੀ ਪਿੰਡ ਰਾਏਸਰ (ਬਰਨਾਲਾ) ਵਿਖੇ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਡਾ: ਲਾਭ ਸਿੰਘ ਖੀਵਾ ਨੇ ਕੀਤੀ। ਜਦ ਕਿ ਮੁੱਖ ਮਹਿਮਾਨ ਵਜੋਂ ਡਾ: ਸੁਰਜੀਤ ਸਿੰਘ ਭੱਟੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ । ਪ੍ਰਧਾਨਗੀ ਮੰਡਲ ਵਿਚ ਸੰਤ ਰਾਮ ਉਦਾਸੀ ਦੀ ਸੁਪਤਨੀ ਨਸੀਬ ਕੌਰ ਉਦਾਸੀ ਵੀ ਸ਼ਾਮਿਲ ਹੋਏ । ਉਦਾਸੀ ਦੀ ਸਪੁੱਤਰੀ ਇਕਬਾਲ ਕੌਰ ਉਦਾਸੀ ਨੇ ਜੀ ਆਇਆਂ ਨੂੰ ਆਖਦਿਆ ਉਨ੍ਹਾਂ ਦੀ ਗੀਤਕਾਰੀ ਦੇ ਸਫ਼ਰ ਬਾਰੇ ਵੀ ਵਿਚਾਰ ਪੇਸ਼ ਕੀਤੇ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ: ਭੱਟੀ ਨੇ ਕਿਹਾ ਕਿ ਉਦਾਸੀ ਸਭ ਤੋਂ ਲਿਤਾੜੀ ਹੋਈ ਧਿਰ ਦੇ ਕਵੀ ਸਨ, ਉਨ੍ਹਾਂ ਦੇ ਆਮ ਲੋਕਾਂ ਦੇ ਦੁੱਖਾਂ ਬਾਰੇ ਲਿਖੇ ਗੀਤਾਂ ਨੂੰ ਸਦੀਵੀ ਤੌਰ 'ਤੇ ਯਾਦ ਰੱਖਿਆ ਜਾਵੇਗਾ। ਉਦਾਸੀ ਨੇ ਆਪਣੇ ਗੀਤਾਂ ਰਾਹੀਂ ਅਬੋਲ ਲੋਕਾਂ ਨੂੰ ਆਵਾਜ ਦਿੱਤੀ। ਡਾ: ਖੀਵਾ ਨੇ ਕਿਹਾ ਕਿ ਉਦਾਸੀ ਨੇ ਆਪਣੀ ਗੀਤਕਾਰੀ ਅਤੇ ਮਧੁਰ ਆਵਾਜ ਨੂੰ ਮੰਡੀ ਦੀ ਵਸਤੂ ਨਹੀਂ ਬਣਾਇਆ। ਉਸਦੇ ਗੀਤ ਅੱਜ ਤੱਕ ਵੀ ਵੱਡੇ ਇਕੱਠਾਂ ਵਿਚ ਗਾਏ ਜਾਂਦੇ ਹਨ। ਡਾ: ਹਰਭਗਵਾਨ ਨੇ ਕਿਹਾ ਕਿ ਉਦਾਸੀ ਨਕਸਲੀ ਲਹਿਰ ਦਾ ਕਵੀ ਸੀ, ਪਰ ਉਸਦਾ ਅਗਾਂਹਵਧੂ ਪੱਖ ਸਤਹੀ ਨਹੀਂ ਸੀ। ਉਨ੍ਹਾਂ ਨੇ ਆਪਣੀ ਚੇਤਨਾ ਨੂੰ ਲੋਕ ਗੀਤਾਂ ਦੇ ਰੰਗ ਵਿਚ ਰੰਗ ਕੇ ਸਦੀਆਂ ਵਿਚ ਜਿਉਣ ਜੋਗਰੀ ਬਣਾ ਲਿਆ । ਡਾ: ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਉਦਾਸੀ ਦੇ ਬਹੁਤ ਸਾਰੇ ਗੀਤ ਲੋਕ ਗੀਤਾਂ ਦਾ ਰੁਤਬਾ ਹਾਸਲ ਕਰ ਗਏ ਹਨ। ਇਸ ਕਰਕੇ ਉਦਾਸੀ ਯੁੱਗਾਂ ਵਿਚ ਫੈਲਿਆ ਲੋਕ ਕਵੀ ਬਣ ਗਿਆ ਹੈ। ਅਕੈਡਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਗਰਾਮ ਲੋਕ ਪ੍ਰੋਗਰਾਮ ਤਹਿਤ ਮਾਲਵੇ ਵਿਚ ਇਹ ਛੇਵਾਂ ਸਮਾਗਮ ਹੈ। ਅਕੈਡਮੀ ਹੁਣ ਸ਼ਹਿਰਾਂ ਦੀ ਬਜਾਏ ਪਿੰਡਾਂ ਤੱਕ ਪਹੁੰਚ ਕਰ ਰਹੀ ਹੈ। ਉਦਾਸੀ ਬਾਰੇ ਉਨ੍ਹਾਂ ਕਿਹਾ ਕਿ ਉਦਾਸੀ ਦੇ ਗੀਤ ਅੱਜ ਵੀ ਪ੍ਰਸੰਗਕ ਹਨ। ਅਕੈਡਮੀ ਵੱਲੋਂ ਉਦਾਸੀ ਦੀ ਪਤਨੀ ਨਸੀਬ ਕੌਰ ਉਦਾਸੀ ਦਾ ਸਨਮਾਨ ਵੀ ਕੀਤਾ ਗਿਆ। ਡਾ: ਗੁਰਪ੍ਰੀਤ ਸਿੰਘ ਰਾਏਸਰ ਕਿਹਾ ਕਿ ਮੈਂ ਅਕੈਡਮੀ ਦਾ ਧੰਨਵਾਦ ਕਰਦਾ ਹਾਂ ਜਿਸ ਨੇ ਲੋਕ ਕਵੀ ਸੰਤ ਰਾਮ ਉਦਾਸੀ ਬਾਰੇ ਉਨ੍ਹਾਂ ਦੀ ਮਹਾਨਤਾ ਤੋਂ ਪਿੰਡ ਦੇ ਲੋਕਾਂ ਨੂੰ ਜਾਣੂ ਕਰਵਾਇਆ ਹੈ। ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਤਰਫੋਂ ਉਨ੍ਹਾਂ ਨਿੱਜੀ ਸਹਾਇਕ ਭਾਈ ਬਿੰਦਰ ਸਿੰਘ ਖਾਲਸਾ ਨੇ ਹਾਜਰੀ ਲਗਾਉਂਦਿਆ ਉਦਾਸੀ ਯਾਦਗਾਰੀ ਲਾਇਬ੍ਰੇਰੀ ਦੇ ਅਧੂਰੇ ਕੰਮ ਨੂੰ ਨੇਪਰੇ ਚਾੜ੍ਹਨ ਦਾ ਵਿਸ਼ਵਾਸ਼ ਦਿਵਾਇਆ। ਪੰਚਾਇਤ ਵੱਲੋਂ ਬੁਲਾਰਿਆਂ ਅਤੇ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੁਰਜੀਤ ਸਿੰਘ ਦਿਹੜ, ਦਰਸ਼ਨ ਸਿੰਘ ਗੁਰੂ, ਪਵਨ ਪਰਿੰਦਾ, ਜਗਜੀਤ ਗੁਰਮ, ਲਛਮਣ ਦਾਸ ਮੁਸਾਫਿਰ, ਲੱਕੀ ਛੀਨੀਵਾਲ, ਡਾ: ਅਮਨਦੀਪ ਸਿੰਘ ਟੱਲੇਵਾਲੀਆ, ਅਵਤਾਰ ਸਿੰਘ ਅਣਖੀ, ਸਮਾਜ ਸੇਵੀ ਸਰਬਜੀਤ ਸਿੰਘ ਸੰਧੂ, ਹਾਕਮ ਸਿੰਘ ਰੂੜੇਕੇ, ਸੁਖਵਿੰਦਰ ਸਨੇਹ, ਬਲਵਿੰਦਰ ਸਿੰਘ ਠੀਕਰੀਵਾਲਾ, ਲੱਖਾ ਸਿੰਘ ਠੀਕਰੀਵਾਲਾ, ਮਾਲਵਿੰਦਰ ਸ਼ਾਇਰ, ਮੋਹਕਮ ਸਿੰਘ ਉਦਾਸੀ, ਜਗਤਾਰ ਜਜੀਰਾ, ਡਾ: ਸੁਰਿੰਦਰ ਸਿੰਘ, ਜਗਮੋਹਣ ਸ਼ਾਹ ਰਾਏਸਰ ਆਦਿ ਹਾਜਰ ਸਨ।